USDA Farm Service Agency
U.S. DEPARTMENT OF AGRICULTURE

# ਸ਼ਹਿਰੀ ਕਾਉਂਟੀ ਕਮੇਟੀ ਦੀਆਂ ਚੋਣਾਂ

*ਕਾਉਂਟੀ ਕਮੇਟੀ ਦੇ ਸਦੱਸ ਹੋਣ ਦੇ ਨਾਤੇ ਵੋਟ ਪਾਉਣ ਅਤੇ ਅਹੁਦੇਦਾਰ ਬਣਨ ਲਈ ਯੋਗਤਾ*




## ਸੰਖੇਪ ਜਾਣਕਾਰੀ

USDA ਪੂਰੇ ਅਮਰੀਕਾ ਭਰ ਵਿੱਚ ਸ਼ਹਿਰੀ ਟਿਕਾਣਿਆਂ ਦੇ ਉਤਪਾਦਕਾਂ ਲਈ ਸੇਵਾਵਾਂ ਵਿੱਚ ਵਾਧਾ ਕਰ ਰਿਹਾ ਹੈ। ਇਸ ਵਿੱਚ ਸ਼ਾਮਲ ਹਨ ਖੇਤ ਸੇਵਾ ਏਜੰਸੀ (FSA) ਕਾਉਂਟੀ ਕਮੇਟੀ (COC), FSA ਦੀਆਂ ਨਿੱਤ ਦੀਆਂ ਸਰਗਰਮੀਆਂ ਨਾਲ ਜੁੜੇ ਬੇਹੱਦ-ਮਹੱਤਵਪੂਰਨ ਅਦਾਰੇ, ਜਿਨ੍ਹਾਂ ਦੀ ਮਦਦ ਨਾਲ ਸੰਘੀ ਖੇਤੀਬਾੜੀ ਪ੍ਰੋਗਰਾਮਾਂ ਲਈ ਜ਼ਮੀਨੀ ਜਾਣਕਾਰੀ ਮਿਲਦੀ ਹੈ ਅਤੇ ਇਹਨਾਂ ਨੂੰ ਲਾਗੂ ਕਰਨ ਵਿੱਚ ਸਥਾਨਕ ਪ੍ਰਸ਼ਾਸਨ ਦੀ ਮਦਦ ਕੀਤੀ ਜਾਂਦੀ ਹੈ।

ਸ਼ਹਿਰੀ ਕਾਉਂਟੀ ਕਮੇਟੀ ਦੇ ਟਿਕਾਣਿਆਂ ਦੀ ਸੂਚੀ fsa.usda.gov/elections 'ਤੇ ਦੇਖੀ ਜਾ ਸਕਦੀ ਹੈ।

ਅਮਰੀਕੀ ਖੇਤੀਬਾੜੀ ਵਿਭਾਗ (USDA) ਸਾਰੇ ਯੋਗ ਉਤਪਾਦਕਾਂ ਅਤੇ ਸ਼ਹਿਰੀ ਕਿਸਾਨਾਂ ਨੂੰ ਵੋਟ ਪਾਉਣ ਅਤੇ ਕਾਉਂਟੀ ਕਮੇਟੀ ਦੇ ਸਦੱਸ ਦੇ ਰੂਪ ਵਿੱਚ ਅਹੁਦਾ ਸੰਭਾਲਣ ਦੀ ਹੱਲਾਸ਼ੇਰੀ ਦਿੰਦਾ ਹੈ, ਇਸ ਵਿੱਚ ਨਵੇਂ ਜਾਂ ਸਥਾਪਤ ਉਤਪਾਦਕ, ਇਤਿਹਾਸਕ ਤੌਰ 'ਤੇ ਪਿਛੜੇ ਉਤਪਾਦਕ (ਘੱਟ-ਸੰਖਿਅਕ ਅਤੇ ਔਰਤਾਂ) ਜਾਂ ਫਿਰ ਵੱਡੇ ਜਾਂ ਛੋਟੇ ਪੱਧਰ ਦੀਆਂ ਖੇਤੀਬਾੜੀ ਨਾਲ ਜੁੜੀਆਂ ਸਰਗਰਮੀਆਂ ਸ਼ਾਮਲ ਹਨ।

## ਸ਼ਿਹਰੀ ਖੇਤੀਬਾੜੀ

ਸ਼ਿਹਰੀ ਖੇਤੀਬਾੜੀ ਵਿੱਚ ਖੇਤੀਬਾੜੀ ਉਤਪਾਦਾਂ ਦੀ ਸ਼ਿਹਰਾਂ ਅਤੇ ਨਗਰਾਂ ਵਿੱਚ ਕਾਸ਼ਤ, ਪ੍ਰਕਿਰਿਆ ਅਤੇ ਵੰਡ ਸ਼ਾਮਲ ਹੁੰਦੀ ਹੈ। ਭਾਈਚਾਰਕ ਬਗੀਚੇ, ਘਰ ਦੀ ਛੱਤ 'ਤੇ ਬਣੇ ਛੋਟੇ ਖੇਤ, ਪਾਣੀ ਵਿੱਚ ਤਿਆਰ ਕੀਤੇ ਗਏ ਖੇਤ (ਹਾਈਡ੍ਰੋਪੋਨਿਕ), ਹਵਾ ਵਿੱਚ ਲਟਕਦੇ ਖੇਤ (ਐਰੋਪੋਨਿਕ) ਅਤੇ ਵੱਡੇ ਟੋਭਿਆਂ ਵਿੱਚ ਤੈਰਦੇ ਖੇਤ (ਐਕਵਾਪੋਨਿਕ), ਖੜ੍ਹਵੇਂ ਖੇਤ ਅਤੇ ਹੋਰ ਕਈ ਨਵੇਂ ਤਰੀਕਿਆਂ ਨਾਲ ਤਿਆਰ ਕੀਤੇ ਜਾਂਦੇ ਖੇਤ, ਸਭ ਸ਼ਿਹਰੀ ਖੇਤੀਬਾੜੀ ਦੀਆਂ ਉਦਾਹਰਣਾਂ ਹਨ। ਕਬਾਇਲੀ ਭਾਈਚਾਰਿਆਂ ਅਤੇ ਛੋਟੇ ਨਗਰਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਸ਼ਿਹਰੀ ਕਿਸਾਨ ਅਤੇ ਮਾਲੀ ਵੱਖ-ਵੱਖ ਕਿਸਮ ਦੀ ਆਬਾਦੀ ਵਾਲੇ ਲੋਕਾਂ ਵਿਚਕਾਰ ਕੰਮ ਕਰਦੇ ਹਨ, ਤਾਂ ਜੋ ਪੋਸ਼ਕ ਭੋਜਨ ਪਦਾਰਥਾਂ ਦੀ ਪਹੁੰਚ ਵਧਾਈ ਜਾ ਸਕੇ, ਭਾਈਚਾਰਕ ਸ਼ਮੂਲੀਅਤ ਹੋਵੇ, ਨੌਕਰੀਆਂ ਦਿੱਤੀਆਂ ਜਾ ਸਕਣ, ਭਾਈਚਾਰਿਆਂ ਨੂੰ ਖੇਤੀਬਾੜੀ ਬਾਰੇ ਸਿੱਖਿਅਤ ਕੀਤਾ ਜਾ ਸਕੇ ਅਤੇ ਹਿਰਆਲੀ ਵਧਾਈ ਜਾ ਸਕੇ।

## ਇਹ ਕਿਵੇਂ ਕੰਮ ਕਰਦਾ ਹੈ

ਸ਼ਿਹਰੀ ਉਤਪਾਦਕਾਂ ਨੂੰ ਇੱਕ ਨਿਰਧਾਰਤ ਸਥਾਨਕ ਪ੍ਰਸ਼ਾਸਨੀ ਖੇਤਰ (LAA) ਵਿੱਚ 3 ਸਾਲ ਤੱਕ ਦੀਆਂ ਵਚਨਬੱਧ ਸੇਵਾਵਾਂ ਦੇਣ ਲਈ ਸ਼ਿਹਰੀ ਉਤਪਾਦਕਾਂ ਵੱਲੋਂ ਚੁਣਿਆ ਜਾਂਦਾ ਹੈ। FSA ਕਾਉਂਟੀ ਦੀਆਂ ਕਮੇਟੀਆਂ, ਕੁਦਰਤੀ ਸੋਮੇ ਰੱਖਿਆ ਸੇਵਾ (Natural Resources Conservation Service, NRCS) ਅਤੇ FSA ਪ੍ਰੋਗਰਾਮਾਂ ਦੋਹਾਂ ਲਈ ਇੱਕ ਤਿਮਾਹੀ ਵਿੱਚ ਘੱਟੋ-ਘੱਟ ਇੱਕ ਵਾਰ ਬੈਠਕ ਕਰਨਗੀਆਂ ਅਤੇ ਵੱਧ ਰਹੇ ਸ਼ਿਹਰੀ ਖੇਤੀਬਾੜੀ ਬਜ਼ਾਰ ਮੁਤਾਬਕ ਜ਼ਰੂਰਤਾਂ ਦੀ ਪਛਾਣ ਕਰਨ ਵਿੱਚ ਇਸ ਤਰ੍ਹਾਂ ਮਦਦ ਕਰਨਗੀਆਂ:

- ਸਥਾਨਕ ਹਿੱਤਧਾਰਕਾਂ ਨਾਲ ਸੰਪਰਕ ਕਰਨਾ ਅਤੇ ਭਾਈਵਾਲੀ ਕਰਨਾ।
- ਸੰਭਾਵਤ ਪ੍ਰੋਗਰਾਮਾਂ ਵਿੱਚ (ਕਨੂੰਨੀ, ਰੈਗੂਲੇਟਰੀ, ਪ੍ਰਬੰਧਕੀ) ਸੁਧਾਰ ਕਰਨ ਬਾਰੇ ਜਾਣਕਾਰੀ ਇਕੱਤਰ ਕਰਨ ਵਿੱਚ USDA ਦੀ ਸਹਾਇਤਾ ਕਰਨ ਲਈ ਸ਼ਿਹਰੀ ਖੇਤੀਬਾੜੀ ਭਾਈਚਾਰੇ ਦੀਆਂ ਜ਼ਰੂਰਤਾਂ ਦੀ ਪਛਾਣ ਕਰਨਾ।
- ਭਿਵੱਖ ਵਿੱਚ ਵੱਧਦੇ ਮੌਕਿਆਂ ਦੇ ਮੱਦੇਨਜ਼ਰ ਪ੍ਰੋਗਰਾਮ ਸੁਝਾਵਾਂ ਨੂੰ ਧਿਆਨ ਵਿੱਚ ਰੱਖਣਾ।
- ਉਪਲਬਧ USDA ਪ੍ਰੋਗਰਾਮਾਂ ਨੂੰ ਸਮਝਣਾ ਅਤੇ ਉਹਨਾਂ ਦਾ ਪ੍ਰਚਾਰ ਕਰਨਾ।
- USDA ਪ੍ਰੋਗਰਾਮਾਂ ਬਾਰੇ ਸਿੱਖਿਅਤ ਕਰਨਾ ਅਤੇ ਸ਼ਿਹਰੀ ਉਤਪਾਦਕਾਂ ਅਤੇ ਸਥਾਨਕ ਹਿੱਤਧਾਰਕਾਂ ਲਈ FSA ਕਮੇਟੀਆਂ ਉਪਲਬਧ ਕਰਾਉਣਾ।
- ਉਤਪਾਦਕਾਂ ਦੀਆਂ ਅਰਜ਼ੀਆਂ ਦੀ ਸਮੀਖਿਆ ਕਰਨਾ ਅਤੇ ਉਹਨਾਂ ਦੀ ਪ੍ਰਬੰਧਕੀ ਅਤੇ ਪ੍ਰੋਗਰਾਮ ਸੰਬੰਧੀ ਨਿਗਰਾਨੀ ਵਿੱਚ ਸਹਾਇਤਾ ਕਰਨਾ।

## ਕੌਣ ਵੋਟ ਪਾ ਸਕਦਾ ਹੈ?

ਆਪਣੀ ਯੋਗਤਾ ਦਾ ਪਤਾ ਲਗਾਉਣ ਲਈ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਚੋਣਾਂ ਵਿੱਚ ਵੋਟ ਗਿਣੇ ਜਾਣ ਲਈ ਜ਼ਰੂਰੀ ਹੈ ਕਿ ਇਹ ਪੁਸ਼ਟੀ ਕੀਤੀ ਜਾਵੇ ਕਿ ਕੋਈ ਵਿਅਕਤੀ ਵੋਟ ਪਾ ਵੀ ਸਕਦਾ ਹੈ ਜਾਂ ਨਹੀਂ। ਯੋਗਤਾ ਦੀਆਂ ਆਮ ਸ਼ਰਤਾਂ ਵਿੱਚ ਸ਼ਾਮਲ ਹਨ:

1. ਵਅਕਤੀ ਵੋਟ ਪਾ ਸਕਣ ਦੀ ਕਨੂੰਨੀ ਉਮਰ ਦਾ ਹੋਣਾ ਚਾਹੀਦਾ ਹੈ, ਜੇ ਵੋਟ ਪਾ ਸਕਣ ਦੀ ਕਨੂੰਨੀ ਉਮਰ ਨਹੀਂ ਹੈ, ਤਾਂ ਪੂਰੇ ਖੇਤ ਦੀਆਂ ਸਾਰੀਆਂ ਸਰਗਰਮੀਆਂ ਦੀ ਨਿਗਰਾਨੀ ਕਰਦਾ ਹੋਵੇ ਜਾਂ ਸੰਭਾਲਦਾ ਹੋਵੇ।
2. Isਕਿਸੇ ਵੀ ਖੇਤੀਬਾੜੀ ਉਤਪਾਦ ਦੇ ਉਤਪਾਦਨ ਜਾਂ ਉਸ ਦੀ ਵਿਕਰੀ ਵਿੱਚ ਸ਼ਾਮਲ ਹੋਵੇ, ਬਤੌਰ:
   - ਇੱਕ ਵਿਅਕਤੀ, ਜੋ ਹੇਠਾਂ ਦਿੱਤੀਆਂ ਇੱਕ ਜਾਂ ਵਧੇਰੀ ਸ਼ਰਤਾਂ ਪੂਰੀਆਂ ਕਰਦਾ ਹੋਵੇ:
     - Isਯੋਗ ਹੋਵੇ ਅਤੇ ਆਪਣੇ ਖੁਦ ਦੇ ਇਖਿਤਆਰ ਵਿੱਚ ਵੋਟ ਪਾਉਣ ਦੇ ਕਾਬਲ ਹੋਵੇ।
     - ਕਸੇ ਆਮ ਭਾਈਵਾਲੀ ਦਾ ਭਾਈਵਾਲ ਹੋਵੇ।
     - ਕਸੇ ਸਾਂਝੇ ਉਪਕ੍ਰਮ ਦਾ ਸਦੱਸ ਹੋਵੇ।
   - ਕਸੇ ਕਨੂੰਨੀ ਅਦਾਰੇ ਦਾ ਅਧਿਕਾਰਤ ਨੁਮਾਇੰਦਾ ਹੋਵੇ, ਜਿਵੇਂ ਕਿ:
     - ਕਾਰਪੋਰੇਸ਼ਨ, ਐਸਟੇਟ, ਟ੍ਰਸਟ, ਸੀਮਤ ਭਾਈਵਾਲੀ, ਗੈਰ-ਲਾਭਕਾਰੀ ਜਾਂ ਹੋਰ ਵਪਾਰਕ ਉੱਦਮ, ਇਸ ਵਿੱਚ ਆਮ ਭਾਈਵਾਲੀ ਅਤੇ ਸਾਂਝੇ ਉਪਕ੍ਰਮ ਸ਼ਾਮਲ ਨਹੀਂ ਹਨ।
     - ਕੋਈ ਰਾਜ, ਕਿਸੇ ਰਾਜ ਦਾ ਰਾਜਨੀਤਿਕ ਉਪ-ਮੰਡਲ ਜਾਂ ਫਿਰ ਰਾਜ ਦੀ ਕੋਈ ਏਜੰਸੀ।
       ਸਿਰਫ ਨਿਰਧਾਰਤ ਨੁਮਾਇੰਦਾ ਹੀ ਅਦਾਰੇ ਲਈ ਵੋਟ ਪਾ ਸਕਦਾ ਹੈ।
3. ਕਨੂੰਨ ਮੁਤਾਬਕ ਉਪਲਬਧ ਕਰਵਾਏ ਗਏ ਕਿਸੇ ਵੀ USDA ਪ੍ਰੋਗਰਾਮ ਵਿੱਚ ਭਾਗ ਲੈਂਦਾ ਹੋਵੇ ਜਾਂ ਸਿਹਯੋਗ ਕਰਦਾ ਹੋਵੇ।

***ਨੋਟ:** ਸਿਹਯੋਗੀ ਉਤਪਾਦਕ ਉਹ ਵਿਅਕਤੀ ਹੁੰਦਾ ਹੈ, ਜਿਸਨੇ ਆਪਣੀਆਂ ਸ਼ਿਹਰੀ ਸਰਗਰਮੀਆਂ ਬਾਰੇ ਜਾਣਕਾਰੀ ਉਪਲਬਧ ਕਰਵਾਈ ਹੈ, ਫਿਰ ਭਾਵੇਂ ਉਹਨਾਂ ਨੇਕਿਸੇ USDA ਪ੍ਰੋਗਰਾਮ ਲਾਭ ਲਈ ਅਰਜ਼ੀ ਦਿੱਤੀ ਹੋਵੇ ਭਾਵੇਂ ਨਹੀਂ ਜਾਂ ਇਹ ਲਾਭ ਪ੍ਰਾਪਤ ਕੀਤੇ ਹੋਣ ਭਾਵੇਂ ਨਾ ਕੀਤੇ ਹੋਣ।*

ਸ਼ਹਿਰੀ ਕਿਸਾਨ, ਵੋਟਰ ਦੇ ਰੂਪ ਵਿੱਚ ਰਜਿਸਟਰ ਕਰਨ ਲਈ ਜਾਂ ਫਿਰ COC ਚੋਣਾਂ ਵਿੱਚ ਯੋਗ ਨਾਮਜ਼ਦ ਦੇ ਤੌਰ 'ਤੇ ਵਿਚਾਰੇ ਜਾਣ ਲਈ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ।



### ਭਾਈਚਾਰਕ ਸੰਪੱਤੀ ਰਾਜਾਂ ਵਿੱਚ ਜੀਵਨਸਾਥੀਆਂ ਲਈ ਵੋਟ ਪਾਉਣ ਦੀ ਯੋਗਤਾ ਦੀ ਵਿਆਖਿਆ

ਭਾਈਚਾਰਕ ਸੰਪੱਤੀ ਰਾਜਾਂ ਵਿੱਚ, ਯੋਗ ਵੋਟਰ ਦਾ ਜੀਵਨਸਾਥੀ ਵੀ ਵੋਟ ਪਾ ਸਕਦਾ ਹੈ।

### ਸਥਾਨਕ ਪ੍ਰਸ਼ਾਸਨੀ ਖੇਤਰ

FSA ਕਾਉਂਟੀ ਕਮੇਟੀ ਦੀਆਂ ਸੇਵਾਵਾਂ ਹੇਠ ਆਉਂਦੇ ਕਾਉਂਟੀ ਜਾਂ ਫਿਰ ਬਹੁ-ਕਾਉਂਟੀ ਨਿਆਂ-ਖੇਤਰ ਨੂੰ 3 ਤੋਂ 11 ਸਥਾਨਕ ਪ੍ਰਸ਼ਾਸਨੀ ਖੇਤਰਾਂ (LAA) ਵਿੱਚ ਵੰਡਿਆ ਗਿਆ ਹੈ। ਹਰੇਕ LAA ਦੀ ਨੁਮਾਇੰਦਗੀ FSA ਕਾਉਂਟੀ ਕਮੇਟੀ ਦਾ ਇੱਕ ਸਦੱਸ ਕਰਦਾ ਹੈ। ਕੋਈ ਵੀ ਵਿਅਕਤੀ ਸਿਰਫ ਇੱਕ LAA (ਜਿਸ LAA ਵਿੱਚ ਉਹ ਭਾਗ ਲੈਂਦਾ ਹੈ ਜਾਂ ਫਿਰ FSA ਪ੍ਰੋਗਰਾਮਾਂ ਵਿੱਚ ਜਾਂ FSA ਦੇ ਪ੍ਰਬੰਧਨ ਹੇਠ ਆਉਂਦੇ ਪ੍ਰੋਗਰਾਮਾਂ ਵਿੱਚ ਸਿਹਯੋਗ ਕਰਦਾ ਹੈ) ਵਿੱਚ ਵੋਟ ਪਾ ਸਕਦਾ ਹੈ। ਸ਼ਿਹਰੀ ਭਾਗੀਦਾਰਾਂ ਦਾ ਕਾਉਂਟੀ ਜਾਂ ਫਿਰ ਬਹੁ-ਕਾਉਂਟੀ ਦੀ ਹੱਦ ਦੇ ਅੰਦਰ ਇੱਕ ਹਿੱਤ ਹੋਣਾ ਚਾਹੀਦਾ ਹੈ।

ਵਿਅਕਤੀ fsa.usda.gov/elections 'ਤੇ ਉਪਲਬਧ ਕਾਉਂਟੀ ਕਮੇਟੀ ਚੋਣ GIS ਲੋਕੇਟਰ ਟੂਲ ਦੀ ਮਦਦ ਨਾਲ ਆਪਣੇ ਖੇਤੀਬਾੜੀ ਹਿੱਤਾਂ ਦੇ ਸਥਾਨ ਜਾਂ LAA ਦੇ ਹਿਸਾਬ ਨਾਲ ਆਪਣੇ LAA ਦੀ ਪਛਾਣ ਕਰ ਸਕਦੇ ਹਨ।

### ਇੱਕੋ ਕਾਉਂਟੀ ਜਾਂ ਖੇਤਰ ਵਿੱਚ ਕਈ ਸਾਰੇ ਖੇਤੀਬਾੜੀ ਹਿੱਤ

ਇੱਕੋ ਕਾਉਂਟੀ ਵਿੱਚ ਜਾਂ ਕਈ ਕਾਉਂਟੀਆਂ ਦੇ ਨਿਆਂ-ਖੇਤਰ ਵਿੱਚ ਆਉਂਦੇ ਇੱਕ ਤੋਂ ਵੱਧ LAA ਵਿੱਚ ਕਈ ਸਾਰੇ ਖੇਤਾਂ ਲਈ USDA ਪ੍ਰੋਗਰਾਮਾਂ ਵਿੱਚ ਭਾਗ ਲੈਣ ਵਾਲੇ ਜਾਂ ਸਹਿਯੋਗ ਕਰਨ ਵਾਲੇ ਯੋਗ ਵੋਟਰ ਸਿਰਫ ਇੱਕ ਥਾਂ ਹੀ ਵੋਟ ਪਾ ਸਕਦੇ ਹਨ ਅਤੇ ਸਿਰਫ ਇੱਕ LAA ਵਿੱਚ ਹੀ ਕੋਈ ਅਹੁਦਾ ਲੈ ਸਕਦੇ ਹਨ। ਜਿਹੜੇ ਵੋਟਰਾਂ ਦੇ ਖੇਤੀਬਾੜੀ ਹਿੱਤ ਇੱਕ ਤੋਂ ਵੱਧ LAA ਵਿੱਚ ਹਨ, ਉਹ ਸਿਰਫ ਇੱਕ ਵਾਰ ਹੀ ਵੋਟ ਪਾ ਸਕਣਗੇ ਅਤੇ ਉਹਨਾਂ ਨੂੰ ਉਹਨਾਂ ਦੇ ਰਿਹਾਇਸ਼ੀ ਸਥਾਨ ਦੇ ਸਭ ਤੋਂ ਨੇੜੇ ਪੈਂਦੇ LAA ਵਿੱਚ ਨਿਰਧਾਰਤ ਕੀਤਾ ਜਾਵੇਗਾ। ਨਿਰਧਾਰਤ ਸੀਮਾ ਦੇ ਬਾਹਰ ਰਹਿੰਦੇ ਸ਼ਹਿਰੀ ਉਤਪਾਦਕ ਬੇਨਤੀ ਕਰਕੇ ਆਪਣੇ ਖੇਤੀਬਾੜੀ ਹਿੱਤ ਮੁਤਾਬਕ ਕੋਈ ਵੀ LAA ਚੁਣ ਸਕਦੇ ਹਨ।

## ਕੌਣ ਅਹੁਦਾ ਲੈ ਸਕਦਾ ਹੈ?

FSA ਕਾਉਂਟੀ ਕਮੇਟੀ ਦੇ ਸਦੱਸ ਦੇ ਰੂਪ ਵਿੱਚ ਅਹੁਦਾ ਸੰਭਾਲਣ ਲਈ, ਕਿਸੇ ਵੀ ਵਿਅਕਤੀ ਲਈ ਹੇਠਾਂ ਦਿੱਤੀਆਂ ਬੁਨਿਆਦੀ ਯੋਗਤਾ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ:

1. ਅਮਰੀਕਾ ਦਾ ਨਾਗਰਿਕ ਹੋਵੇ।
2. ਸ਼ਹਿਰੀ ਉਤਪਾਦਕ ਹੋਵੇ, ਜਿਸਦਾ ਰਿਕਾਰਡ ਸ਼ਿਹਰੀ COC ਨਿਆਂ-ਖੇਤਰ ਰਾਹੀਂ ਪ੍ਰਬੰਧਿਤ ਹੁੰਦਾ ਹੈ।
3. ਚੋਣ ਹੋਣ ਵਾਲੇ LAA ਵਿੱਚ ਰਹਿੰਦਾ ਹੋਵੇ ਜਾਂ ਖੇਤੀਬਾੜੀ ਹਿੱਤ ਹੋਵੇ।*

** ਜਿਹੜੇ ਮਾਮਲਿਆਂ ਵਿੱਚ ਕਿਸੇ ਉਮੀਦਵਾਰ ਦਾ ਰਿਹਾਇਸ਼ ਵਾਲੇ LAA ਵਿੱਚ ਕੋਈ ਖੇਤੀਬਾੜੀ ਹਿੱਤ ਨਹੀਂ ਹੈ, ਉਹਨਾਂ ਮਾਮਲਿਆਂ ਵਿੱਚ ਉਹਨਾਂ ਨੂੰ ਖੇਤੀਬਾੜੀ ਹਿੱਤਾਂ ਦੇ ਸਥਾਨ ਮੁਤਾਬਕ LAA ਵਿੱਚ ਨਿਰਧਾਰਤ ਕੀਤਾ ਜਾ ਸਕਦਾ ਹੈ।*

4. ਕੋਈ ਵੀ ਵਿਅਕਤੀ ਇਸ ਵਿੱਚ ਸ਼ਾਮਲ ਨਾ ਹੋਵੇ:
   - ਇਸ ਵਿੱਚੋਂ ਕੱਢਿਆ ਨਾ ਗਿਆ ਹੋਵੇ ਜਾਂ ਅਯੋਗ ਨਾ ਠਹਿਰਾਇਆ ਗਿਆ ਹੋਵੇ:
     — FFSA ਕਾਉਂਟੀ ਕਮੇਟੀ ਦੀ ਮੈਂਬਰਸ਼ਿਪ ਜਾਂ ਫਿਰ ਕਿਸੇ ਹੋਰ ਮੈਂਬਰਸ਼ਿਪ ਜਾਂ
     — FSA ਰੁਜ਼ਗਾਰ।
   - ਕਿਸੇ ਵੀ ਸਰਕਾਰੀ ਦਫਤਰ ਵਿੱਚੋਂ ਕਿਸੇ ਕਾਰਣ ਕਰਕੇ ਕੱਢਿਆ ਨਾ ਗਿਆ ਹੋਵੇ ਜਾਂ ਫਿਰ ਧੋਖਾਧੜੀ, ਚੋਰੀ, ਗਬਣ ਜਾਂ ਕਿਸੇ ਹੋਰ ਜਾਲਸਾਜ਼ੀ ਲਈ ਦੋਸ਼ੀ ਨਾ ਠਹਿਰਾਇਆ ਗਿਆ ਹੋਵੇ।
   - ਕਿਸੇ ਵੀ ਸੇਨਾ ਦੀ ਕਿਸੇ ਵੀ ਸ਼ਾਖਾ ਵਿੱਚੋਂ ਬੇਇੱਜ਼ਤ ਕਰਕੇ ਨਾ ਕੱਢਿਆ ਗਿਆ ਹੋਵੇ।

ਚੋਣ ਮਿਆਦ ਦੇ ਦੌਰਾਨ, ਜਿਹੜੇ ਵਿਅਕਤੀਆਂ ਨੂੰ ਡਾਕ ਰਾਹੀਂ ਬੈਲੇਟ ਨਾ ਮਿਲਿਆ ਹੋਵੇ, ਉਹ ਸਿੱਧਾ FSA ਕਾਉਂਟੀ ਦਫਤਰ ਤੋਂ ਬੈਲੇਟ ਪ੍ਰਾਪਤ ਕਰ ਸਕਦੇ ਹਨ। ਬੈਲੇਟ ਚੋਣ ਦੀ ਸਮਾਂ-ਸੀਮਾ ਤੋਂ ਪਹਿਲਾਂ ਕਾਸਟ ਕਰਨਾ ਲਾਜ਼ਮੀ ਹੈ।

### ਪੱਖਪਾਤ ਨਿਖੇਧ ਹੈ

ਜਾਤ, ਰੰਗ, ਕੌਮੀ ਮੂਲ, ਉਮਰ, ਅਪਾਹਜਤਾ ਅਤੇ ਲਾਗੂ ਮੁਤਾਬਕ, ਲਿੰਗ, ਵਿਆਹੁਤਾ ਸਥਿਤੀ, ਮਾਤਾ-ਪਿਤਾ ਸਥਿਤੀ, ਧਰਮ, ਜਿਨਸੀ ਰੁਝਾਨ, ਜੈਨੇਟਿਕ ਸੂਚਨਾ, ਨਾਜ਼ਨੀਤਕ ਝੁਕਾਅ, ਬਦਲੇ ਦੀ ਕਾਰਵਾਈ ਜਾਂ ਵਿਅਕਤੀ ਦੀ ਸਾਰੀ ਜਾਂ ਅੰਸ਼ਕ ਆਮਦਨੀ ਕਿਸੇ ਜਨਤਕ ਸਹਾਇਤਾ ਪ੍ਰੋਗਰਾਮ ਤੋਂ ਆਉਂਦੀ ਹੈ, ਇਹਨਾਂ ਦੇ ਆਧਾਰ 'ਤੇ USDA ਦੇ ਸਾਰੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਵਿੱਚ ਕਿਸੇ ਵੀ ਕਿਸਮ ਦਾ ਪੱਖਪਾਤ ਨਿਖੇਧ ਹੈ। ਇਹਨਾਂ ਦੇ ਆਧਾਰ 'ਤੇ USDA ਦੇ ਸਾਰੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਵਿੱਚ ਕਿਸੇ ਵੀ ਕਿਸਮ ਦਾ ਪੱਖਪਾਤ ਨਿਖੇਧ ਹੈ।

## ਉਪਲਬਧ FSA ਅਤੇ NRCS ਪ੍ਰੋਗਰਾਮ

FSA – ਗੈਰ-ਬੀਮਤ ਫ਼ਸਲੀ ਆਫਤ ਸਹਾਇਤਾ ਪ੍ਰੋਗਰਾਮ (Noninsured Crop Disaster Assistance Program), ਜੈਵਿਕ ਪ੍ਰਮਾਣੀਕਰਨ ਲਾਗਤ ਸਾਂਝ ਪ੍ਰੋਗਰਾਮ (Organic Certification Cost Share Program), ਛੋਟੇ ਕਰਜ਼ੇ ਅਤੇ ਖੇਤੀਬਾੜੀ ਉਪਜ ਭੰਡਾਰਨ ਸਹੂਲਤ ਕਰਜ਼ਾ।

NRCS – ਰੱਖਿਅਤ ਵਿੱਤੀ ਅਤੇ ਤਕਨੀਕੀ ਸਹਾਇਤਾ, ਇਸ ਵਿੱਚ ਉੱਚੀਆਂ ਸੁਰੰਗਾਂ, ਮਿੱਟੀ ਦੀ ਸਿਹਤ ਅਤੇ ਸਿੰਚਾਈ ਸ਼ਾਮਲ ਹੈ।

ਸ਼ਹਿਰੀ ਕਿਸਾਨਾਂ ਲਈ ਉਪਲਬਧ ਪ੍ਰੋਗਰਾਮਾਂ ਬਾਰੇ ਵਧੇਰੀ ਜਾਣਕਾਰੀ ਲੈਣ ਲਈ farmers.gov/urban 'ਤੇ ਜਾਓ।

## ਵਧੇਰੀ ਜਾਣਕਾਰੀ

ਇਹ ਤੱਥ ਸ਼ੀਟ ਸਿਰਫ ਅਤੇ ਸਿਰਫ ਜਾਣਕਾਰੀ ਲਈ ਹੀ ਹੈ; ਹੋਰ ਬੰਦਸ਼ਾਂ ਲਾਗੂ ਹੋ ਸਕਦੀਆਂ ਹਨ। ਪ੍ਰੋਗਰਾਮ ਸੰਬੰਧੀ ਕਿਸੇ ਖ਼ਾਸ ਜਾਣਕਾਰੀ ਲਈ ਜਾਂ ਫਿਰ FSA ਕਾਉਂਟੀ ਕਮੇਟੀਆਂ ਬਾਰੇ ਵਧੀਕ ਜਾਣਕਾਰੀ ਲਈ, ਸਥਾਨਕ USDA ਸੇਵਾ ਕੇਂਦਰ ਜਾਓ ਜਾਂ ਫਿਰ fsa.usda.gov/elections 'ਤੇ FSA ਕਾਉਂਟੀ ਕਮੇਟੀ ਦੀ ਵੈੱਬਸਾਈਟ 'ਤੇ ਜਾਓ।

**ਕਿਸੇ ਵੀ ਸਮੇਂ।**
ਭਾਗ ਲੈਣ ਨਾਲ ਜੁੜੀ ਜਾਣਕਾਰੀ ਲਈ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ।

**ਜੂਨ ਤੱਕ**
ਯੋਗ ਵੋਟਰ ਬਣਨ ਲਈ ਰਜਿਸਟਰ ਕਰੋ।

**ਅੱਧ ਜੂਨ**
ਨਾਮਜ਼ਦਗੀ ਮਿਆਦ ਦੀ ਸ਼ੁਰੂਆਤ।
ਫਾਰਮ fsa.usda.gov/elections 'ਤੇ ਉਪਲਬਧ ਹਨ।

**ਅਗਸਤ ਦੀ ਸ਼ੁਰੂਆਤ।**
ਸਥਾਨਕ FSA ਕਾਉਂਟੀ ਦਫਤਰ ਵਿੱਚ ਨਾਮਾਂਕਣ ਫਾਰਮ ਜਮ੍ਹਾਂ ਕਰਾਉਣ ਦਾ ਆਖਰੀ ਦਿਨ।

**ਸ਼ੁਰੂਆਤੀ ਨਵੰਬਰ।**
ਯੋਗ ਵੋਟਰਾਂ ਨੂੰ ਬੈਲੇਟ ਡਾਕ ਰਾਹੀਂ ਭੇਜਣਾ।

**ਸ਼ੁਰੂਆਤੀ ਦਿਸੰਬਰ।**
ਸਥਾਨਕ FSA ਕਾਉਂਟੀ ਦਫਤਰ ਵਿੱਚ ਭਰਿਆ ਹੋਇਆ ਬੈਲੇਟ ਵਾਪਸ ਕਰਨ ਦਾ ਆਖਰੀ ਦਿਨ।

**1 ਜਨਵਰੀ**
ਨਵੇਂ ਚੁਣੇ ਗਏ ਕਾਉਂਟੀ ਕਮੇਟੀ ਦੇ ਸਦੱਸ ਦਫਤਰ ਸੰਭਾਲਦੇ ਹਨ।